

# ਐਂਨਡਿਸਵਾ ਫੁੱਟਬਾਲ ਸਟਾਰ


Eden Daniels
Eden Daniels
Anu Gill

panjabi
nivå 2



ਐਂਨਡਿਸਵਾ ਮੁੰਡਿਆਂ ਨੂੰ ਫੁਟਬਾਲ ਖੇਡਦੇ ਦੇਖ ਰਹੀ ਸੀ। ਉਸਦੀ ਇੱਛਾ ਉਹਨਾਂ ਨਾਲ ਖੇਡਣ ਦੀ ਸੀ। ਉਸਨੇ ਕੋਚ ਨੂੰ ਪੁੱਛਿਆ ਜੇ ਉਹ ਉਹਨਾਂ ਨਾਲ ਖੇਡ ਸਕਦੀ ਹੈ।



ਕੋਚ ਨੇ ਆਪਣੇ ਹੱਥ ਕਮਰ ਤੇ ਰੱਖੇ। “ਇਸ ਸਕੂਲ ਵਿੱਚ, ਸਿਰਫ ਮੁੰਡਿਆਂ ਨੂੰ ਫੁਟਬਾਲ ਖੇਡਣ ਦੀ ਇਜਾਜ਼ਤ ਹੈ,” ਉਸਨੇ ਕਿਹਾ।




ਮੁੰਡਿਆਂ ਨੇ ਉਸ ਨੂੰ ਨੈੱਟਬਾਲ ਖੇਡਣ ਲਈ ਕਿਹਾ। ਉਹਨਾਂ ਨੇ ਕਿਹਾ ਕਿ ਨੈੱਟਬਾਲ ਕੁੜੀਆਂ ਲਈ ਹੈ ਅਤੇ ਫੁਟਬਾਲ ਮੁੰਡਿਆਂ ਲਈ ਹੈ। ਐੱਨਡਿਸਵਾ ਨਿਰਾਸ ਸੀ।



ਅਗਲੇ ਦਿਨ, ਸਕੂਲ ਵਿੱਚ ਵੱਡਾ ਫੁੱਟਬਾਲ ਮੈਚ ਸੀ। ਕੋਚ ਚਿੰਤਾ ਵਿੱਚ ਸੀ ਕਿਉਂਕਿ ਉਸ ਦਾ ਸੱਭ ਤੋਂ ਵਧੀਆ ਖਿਡਾਰੀ ਬਿਮਾਰ ਸੀ ਅਤੇ ਖੇਡ ਨਹੀਂ ਸਕਦਾ ਸੀ।



ਐੱਨਡਿਸਵਾ ਕੋਚ ਕੋਲ ਭੱਜੀ ਗਈ ਅਤੇ ਉਸਨੂੰ ਖੇਡਣ ਲਈ ਬੇਨਤੀ ਕੀਤੀ। ਕੋਚ ਨੂੰ ਪਤਾ ਨਹੀਂ ਸੀ ਕਿ ਕੀ ਕਰਨਾ ਚਾਹੀਦਾ ਹੈ। ਫਿਰ ਉਸ ਨੇ ਫ਼ੈਸਲਾ ਲਿਆ ਕੇ ਐੱਨਡਿਸਵਾ ਟੀਮ ਵਿੱਚ ਸ਼ਾਮਲ ਹੋ ਸਕਦੀ ਹੈ।



ਮੈਚ ਕਠਨ ਸੀ ਖੇਡ ਦੇ ਅੱਧ ਤੱਕ ਕਿਸੇ ਨੇ ਗੋਲ ਨਹੀਂ ਕੀਤਾ ਸੀ।



ਮੈਚ ਦੇ ਦੂਜੇ ਅੱਧ ਦੌਰਾਨ, ਇੱਕ ਮੁੰਡੇ ਨੇ ਐਨਡਿਸਵਾ ਨੂੰ ਬਾਲ ਪਾਸ ਕੀਤੀ। ਉਹ ਗੋਲ ਪੋਸਟ ਵੱਲ ਬਹੁਤ ਹੀ ਤੇਜ਼ੀ ਨਾਲ ਭੱਜੀ ਗਈ। ਉਸਨੇ ਬਾਲ ਨੂੰ ਜੋਰ ਨਾਲ ਲੱਤ ਮਾਰੀ ਅਤੇ ਗੋਲ ਕਰ ਦਿੱਤਾ।



ਭੀੜ ਖੁਸ਼ੀ ਨਾਲ ਉੱਡ ਪਈ। ਉਸ ਦਿਨ ਤੋਂ ਬਾਅਦ, ਕੁੜੀਆਂ ਨੂੰ ਵੀ ਸਕੂਲ ਵਿੱਚ ਫੁਟਬਾਲ ਖੇਡਣ ਦੀ ਇਜਾਜ਼ਤ ਮਿਲ ਗਈ।

# Barnebøker for Norge

barneboker.no

## ਐਂਨਡਿਸਵਾ ਫੁੱਟਬਾਲ ਸਟਾਰ

Skrevet av: Eden Daniels
Illustret av: Eden Daniels
Oversatt av: Anu Gill

Denne fortellingen kommer fra African Storybook (africanstorybook.org) og er videreformidlet av Barnebøker for Norge (barneboker.no), som tilbyr barnebøker på mange språk som snakkes i Norge.

Dette verket er lisensiert under en Creative Commons
Navngivelse-IkkeKommersiell 3.0 Internasjonal Lisens.